بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 02.10.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਹਜ਼ਰਤ ਅਬੂ ਉਬੈਦਹ ਬਿਨ ਜਿਰਾਹ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਦਾ ਇਮਾਨ ਤੇ ਸ਼ਰਧਾ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 2 ਅਕਤੂਬਰ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بعد فاعوذ بالله من الشيطٰن الرجيم۔ بِسْمِ اللّٰهِ الرَّحْمٰنِ الرَّحِيْمِ ۔ اَلْحَمْدُ لِلّٰهِ رَبِّ الْعَالَمِيْنَ ۔ الرَّحْمٰنِ الرَّحِيْمِ ۔ مَالِكِ يَوْمِ الدِّيْنِ ۔ إِيَّاكَ نَعْبُدُ وَإِيَّاكَ نَسْتَعِيْنُ ۔ اِهْدِنَا الصِّرَاطَ الْمُسْتَقِيْمَ ۔ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ੱਹੁਦ, ਤਉਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਬਦਰੀ ਸਹਾਬਾ ਵਿੱਚੋਂ ਅੱਜ ਜਿਹੜੇ ਸਹਾਬੀ ਦਾ ਜ਼ਿਕਰ ਹੋਵੇਗਾ ਉਹ ਹਨ ਹਜ਼ਰਤ ਅਬੂ ਉਬੈਦਹ ਬਿ ਜਿਰਾਹ । ਹਜ਼ਰਤ ਅਬੂ ਉਬੈਦਹ ਬਿਨ ਜਿਰਾਹ ਦਾ ਨਾਂ ਆਮਿਰ ਬਿਨ ਅਬਦੁਲੱਾਹ ਸੀ ਅਤੇ ਇਹਨਾ ਦੇ ਪਿਤਾ ਦਾ ਨਾਂ ਅਬਦੁਲੱਾਹ ਬਿਨ ਜਿਰਾਹ ਸੀ । ਹਜ਼ਰਤ ਅਬੂ ਉਬੈਦਹ ਆਪਣੀ ਗੋਤ ਦੇ ਸਬਬ ਬਹੁਤੇ ਪ੍ਰਸਿਧ ਹਨ ਜੱਦਕਿ ਆਪ ਆਪਣੇ ਵੰਸ਼ ਨੂੰ ਆਪ ਦੇ ਦਾਦਾ ਜਿਰਾਹ ਨਾਲ ਜੋੜਿਆ ਜਾਂਦਾ ਹੈ । ਆਪਦੀ ਮਾਤਾ ਦਾ ਨਾਂ ਅਮੀਮਾ ਬਿੰਤ ਗ਼ਨਮ ਸੀ ਆਪ ਦਾ ਸੰਬੰਧ ਕੁਰੈਸ਼ ਦੇ ਕਬੀਲੇ ਵਿੱਚੋਂ ਬਨੂ ਹਾਸ਼ਮ ਦੇ ਪਰਿਵਾਰ ਹਾਰਸ ਬਿਨ ਫ਼ਹਰ ਨਾਲ ਸੀ । ਇਹਨਾ ਦਾ ਕੱਦ ਲੰਮਾ ਸੀ, ਸ਼ਰੀਰ ਵੱਜੋਂ ਕਮਜ਼ੋਰ ਅਤੇ ਦੁਬਲੇ ਪਤਲੇ ਸੀ ਅਤੇ ਚਿਹਰੇ ਉਪੱਰ ਮਾਸ ਘੱਟ ਸੀ । ਸਾਹਮਣੇ ਦੇ ਦੋ ਦੰਦ ਉਹਦ ਦੀ ਜੰਗ ਸਮੇਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਚਿਹਰੇ'ਤੇ ਲੱਗੇ ਤੀਰਾਂ ਦੇ ਫਸੇ ਹੋਏ ਕਿਲੱਾਂ ਨੂੰ ਕਢੱਦਿਆਂ ਹੋਇਆਂ ਟੁੱਟ ਗਏ ਸਨ । ਆਪ ਦੀ ਦਾੜ੍ਹੀ ਬਹੁਤੀ ਘਣੀ ਨਹੀਂ ਸੀ ਅਤੇ ਆਪ ਖ਼ਜ਼ਾਬ ਦੀ ਵਰਤੋਂ ਕਰਿਆ ਕਰਦੇ ਸਨ । ਹਜ਼ਰਤ ਅਬੂ ਉਬੈਦਹ ਬਿਨ ਜਿਰਾਹ ਨੇ ਕਈ ਵਿਆਹ ਕੀਤੇ ਸਨ ਪਰ ਕੇਵਲ ਉਹਨਾਂ ਵਿੱਚੋਂ ਦੋ ਪਤਨੀਆਂ ਨੂੰ ਹੀ ਸੰਤਾਨ ਹੋਈ । ਆਪ ਦੇ ਦੋ ਪੁਤੱਰ ਸਨ । ਇਕ ਦਾ ਨਾਂ ਯਜ਼ੀਦ ਅਤੇ ਦੂਜੇ ਦਾ ਨਾਂ ਉਮੈਰ ਸੀ । ਹਜ਼ਰਤ ਉਬੈਦਹ ਉਹਨਾ ਦੱਸ ਸਹਾਬਾ ਵਿੱਚੋਂ ਸਨ ਜਿੰਨ੍ਹਾ ਨੂੰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਆਪਣੇ ਜੀਵਨ ਕਾਲ ਵਿੱਚ ਹੀ ਸਵਰਗ ਦੀ ਖ਼ੁਸ਼ਖ਼ਬਰੀ ਦੇ ਦਿੱਤੀ ਸੀ, ਜਿੰਨ੍ਹਾ ਨੂੰ 'ਅਸ਼ਰਾ ਮੁਬਸ਼ੱਰਾ' ਕਹਿੰਦੇ ਹਨ । ਹਜ਼ਰਤ ਅਬੂ ਉਬੈਦਹ ਦੀ ਗਿਣਤੀ ਕੁਰੈਸ਼ ਦੇ ਬਾਰਸੂਖ, ਆਚਰਣਕ ਤੇ ਸਨਮਾਨ ਜਨਕ ਲੋਕਾਂ ਵਿੱਚ ਹੁੰਦਾ ਸੀ । ਹਜ਼ਰਤ ਅਬੂ ਉਬੈਦਹ ਨੇ ਹਜ਼ਰਤ ਅਬੂ ਬਕਰ ਦੇ ਪ੍ਰਚਾਰ ਰਾਹੀਂ ਇਸਲਾਮ ਕੁਬੂਲ ਕੀਤਾ । ਇਸ ਸਮੇਂ ਹੁਣੇ ਤੱਕ ਮੁਸਲਮਾਨ ਦਾਰੇ ਅਰਕਮ ਵਿੱਚ ਪਨਾਹ ਲਈ ਹੋਏ ਨਹੀਂ ਸਨ । ਹਜ਼ਰਤ ਅਬੂ ਉਬੈਦਹ ਬਿਨ ਜਿਰਾਹ ਦਾ ਇਸਲਾਮ ਲਿਅਉਣ ਵਿੱਚ ਨੌਵਾਂ ਨੰਬਰ ਹੈ । ਹਜ਼ਰਤ ਅਨਸ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਹਰ ਇਕ ਉਮੱਤ ਦਾ ਇਕ

ਅਮੀਨ ਹੁੰਦਾ ਹੈ ਅਤੇ ਮੇਰੀ ਉਮੱਤ ਦਾ ਅਮੀਨ ਅਬੂ ਉਬੈਦਹ ਬਿਨ ਜਿਰਾਹ ਹਨ । ਇਕ ਮੌਕੇ'ਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਬੂ ਉਬੈਦਹ ਬਿਨ ਜਿਰਾਹ ਦਾ ਹੱਥ ਫੜਿਆ ਅਤੇ ਫ਼ਰਮਾਇਆ, (هذا امينُ هذه الامة) ਹਾਜ਼ਾ ਅਮੀਨੁਨ ਹਾਜ਼ਲ ਉਮੱਤਿ । ਇਹ ਇਸ ਉਮੱਤ ਦਾ ਅਮੀਨ ਹੈ । ਹਜ਼ਰਤ ਅਬੂ ਹੁਰੈਰਾ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਅਬੂ ਬਕਰ, ਉਮਰ, ਅਬੂ ਉਬੈਦਹ ਬਿਨ ਜਿਰਾਹ, ਉਸੈਦ ਬਿਨ ਹਜ਼ੀਰ, ਸਾਬਿਤ ਬਿਨ ਕੈਸ ਬਿਨ ਸ਼ਮਾਸ, ਮਆਜ਼ ਬਿਨ ਜਬਲ ਅਤੇ ਮਆਜ਼ ਬਿਨ ਉਮਰੋ ਬਿਨ ਜਮੂਹ ਕਿੰਨ੍ਹੇ ਚੰਗੇ ਇਨਸਾਨ ਹਨ, ਅਰਥਾਤ ਆਪਨੇ ਇਹਨਾ ਦੀ ਪ੍ਰਸ਼ੰਸਾ ਕੀਤੀ । ਇਸ ਵਾਰ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਨੂੰ ਪੁੱਛਿਆ ਗਿਆ ਕਿ ਜੇਕਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਆਪਣੇ ਬਾਦ ਕਿਸੇ ਨੂੰ ਉਤਰਾਧਿਕਾਰੀ ਬਣਾਉਂਦੇ ਤਾਂ ਕਿਸਨੂੰ ਬਣਾਉਂਦੇ ? ਇਸ'ਤੇ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਨੇ ਫ਼ਰਮਾਇਆ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਨੂੰ । ਲੋਕਾਂ ਨੇ ਪੁੱਛਿਆ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਦੇ ਬਾਦ ਕਿਸਨੂੰ? ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਨੇ ਫ਼ਰਮਾਇਆ ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਨੂੰ । ਤਾਂ ਫਿਰ ਲੋਕਾ ਨੇ ਪੁੱਛਿਆ ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਦੇ ਬਾਦ ਕਿਸਨੂੰ ਤਾਂ ਹਜ਼ਰਤ ਆਇਸ਼ਾ ਨੇ ਫ਼ਰਮਾਇਆ ਕਿ ਹਜ਼ਰਤ ਅਬੂ ਉਬੈਦਹ ਬਿਨ ਜਿਰਾਹ ਰਜ਼ੀ ਅਲੱਾਹ ਅਨਹੁ ਨੂੰ । ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਦੀ ਦ੍ਰਿਸ਼ਟੀ ਵਿੱਚ ਅਬੂ ਉਬੈਦਹ ਰਜ਼ੀ ਅਲੱਾਹ ਅਨਹਾ ਐਨ੍ਹੀ ਮਹਾਨਤਾ ਸੀ ਕਿ ਉਹ ਕਿਹਾ ਕਰਦੀ ਸਨ ਕਿ ਹਜ਼ਰਤ ਉਮਰ ਦੇ ਦੇਹਾਂਤ ਸਮੇਂ ਹਜ਼ਰਤ ਅਬੂ ਉਬੈਦਹ ਜੀਉਂਦੇ ਹੁੰਦੇ ਤਾਂ ਉਹੋ ਹੀ ਖ਼ਲੀਫ਼ਾ ਹੁੰਦੇ । ਆਪ ਰਜ਼ੀ ਅਲੱਾਹ ਅਨਹੁ ਹਬਸੇ ਦੀ ਹਿਜਰਤ ਵਿੱਚ ਵੀ ਸ਼ਾਮਲ ਸਨ । ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਮਦੀਨੇ ਹਿਜਰਤ ਕਰਕੇ ਆਏ ਤਾਂ ਆਂਹਜ਼ੂਰ ਸਲਲੱਾਹੁ ਐਲਹਿ ਵਸਲਮ ਦਾ ਚਿਹਰਾ ਉਹਨਾ ਨੂੰ ਦੇਖਕੇ ਖਿੜ ਖਿੜਾ ਉਠਿਆ, ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਨੇ ਅੱਗੇ ਵਧੱਕੇ ਹੱਥ ਮਿਲਾਇਆ । ਹਜ਼ਰਤ ਅਬੂ ਉਬੈਦਹ ਨੇ ਬਦਰ ਤੇ ਉਹਦ ਦੀ ਜੰਗ ਅਤੇ ਹੋਰਨਾ ਸਾਰੀਆਂ ਜੰਗਾਂ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਭਾਗ ਲਿਆ । ਬਦਰ ਦੀ ਜੰਗ ਸਮੇਂ ਹਜ਼ਰਤ ਅਬੂ ਉਬੈਦਹ ਦੀ ਉਮਰ 41 ਸਾਲ ਸੀ । ਬਦਰ ਦੀ ਜੰਗ ਦੇ ਦਿਨ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਮੁਸਲਮਾਨਾਂ ਵੱਲੋਂ ਮੈਦਾਨੇ ਜੰਗ ਵਿੱਚ ਆਏ ਅਤੇ ਆਪਦਾ ਪਿਤਾ ਅਬਦੁਲੱਾਹ ਕੁਫ਼ਾਰ ਵੱਲੋਂ ਮੈਦਾਨੇ ਜੰਗ ਵਿੱਚ ਆਇਆ । ਬਾਪ ਬੇਟਾ ਆਹਮਣੇ ਸਾਹਮਣੇ ਹੋਏ ਤਾਂ ਤੌਹੀਦ ਦੀ ਭਾਵਨਾ ਰਿਸ਼ਤੇ ਦੀ ਭਾਵਨਾ ਉਪੱਰ ਗ਼ਾਲਬ ਆਈ ਅਤੇ ਅਬਦੁਲੱਾਹ ਆਪਣੇ ਹੀ ਪੁਤੱਰ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਦੇ ਹੱਥੀਂ ਮਾਰਿਆ ਗਿਆ ।

ਉਹਦ ਦੀ ਜੰਗ ਸਮੇਂ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਉਹਨਾ ਲੋਕਾਂ ਵਿੱਚੋਂ ਸਨ ਜੋ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਕੋਲ ਪੱਕੇ ਪੈਰ੍ਹੀਂ ਮੌਜੂਦ ਰਹੇ, ਜੱਦ ਲੋਕ ਖਿੰਡ ਪੁੰਡ ਗਏ ਸਨ । ਜ਼ੁਲਕਾਅਦਾ ਛੇ ਹਿਜਰੀ ਵਿੱਚ ਹੁਦੈਬੀਆਂ ਦੀ ਸੁਲਾਹ (ਸੰਧੀ ਨਾਮੇ) ਸਮੇਂ ਜੱਦ ਸੰਧੀ ਨਾਮਾ ਲਿੱਖਿਆ ਗਿਆ ਤਾਂ ਇਸ ਸੰਧੀ ਨਾਮੇ ਦੀਆਂ ਦੋ ਕਾਪੀਆਂ ਤਿਆਰ ਕੀਤੀਆਂ ਗਈਆਂ ਅਤੇ ਗਵਾਹ ਵੱਜੋਂ ਦੋਹਾਂ ਪੱਖਾਂ ਦੇ ਸਨਮਾਨਤ ਲੋਕਾਂ ਨੇ ਆਪਣੇ ਹਸਤਾਖ਼ਰ ਕੀਤੇ । ਮੁਸਲਮਾਨਾ ਵੱਲੋਂ ਹਸਤਾਖ਼ਰ ਕਰਨ ਵਾਲਿਆਂ ਵਿੱਚ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਵੀ ਸ਼ਾਮਲ ਸਨ ।

ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਨੂੰ ਅਨੇਕਾਂ ਸਰਾਯਾ (ਅਜਿਹੇ ਜੱਥੇ ਜਿੰਨ੍ਹਾ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਆਪ ਸ਼ਾਮਲ ਨਹੀਂ ਸਨ) ਵਿੱਚ ਭਿਜਵਾਇਆ ਸੀ । ਇਹਨਾ ਵਿੱਚੋਂ ਇਕ ਸਰਿਯਾ 'ਜ਼ਾਤੁਲ ਸਲਾਸਲ' ਹੈ । ਹਜ਼ਰਤ ਉਮਰ ਬਿਨ ਆਸ ਰਜ਼ੀ ਅਲੱਾਹ ਅਨਹੁ ਦੀ ਕਮਕ (ਫ਼ੌਜੀ ਮਦਦ) ਭੇਜਣ ਦੀ ਬਿਨਤੀ'ਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਦੋ ਸੌ ਮਹਾਜਰਾਂ ਤੇ ਅੰਸਾਰਾਂ ਦੀ ਇਕ ਟੋਲੀ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਦੀ ਅਗਵਾਈ ਵਿੱਚ ਮਦਦ ਲਈ ਭਿਜਵਾਈ ਅਤੇ ਨਿਰਦੇਸ਼ ਦਿਤੱਾ ਕਿ ਉਮਰੋ ਰਜ਼ੀ ਅਲੱਾਹ ਅਨਹੁ ਦੇ ਨਾਲ ਜਾ ਰਲਣ ਅਤੇ ਮਤਿਭੇਦ ਨ ਕਰਨ । ਹਜ਼ਰਤ ਉਬੈਦਹ ਭਾਵੇਂ ਆਪਣੇ ਮਰਤਬੇ ਦੇ ਪੱਖੋਂ ਅਗਵਾਈ ਯੋਗ ਸਨ ਪਰ ਜੱਦ ਹਜ਼ਰਤ ਉਮਰੋ ਬਿਨ ਆਸ ਰਜ਼ੀ ਅਲੱਾਹ ਅਨਹੁ ਨੇ ਹੱਠ ਕੀਤਾ ਕਿ ਸਾਰੀ ਫ਼ੌਜ ਦੀ ਅਗਵਾਈ ਮੈਂ ਹੀ ਕਰਾਂਗਾ ਤਾਂ ਹਜ਼ਰਤ ਅਬੂ ਉਬੈਦਹ ਰਜ਼ੀ

ਅਲੱਾਹ ਅਨਹੁ ਨੇ ਖ਼ੁਸ਼ੀ ਨਾਲ ਉਹਨਾ ਦੀ ਅਗਵਾਈ ਪਰਵਾਨ ਕਰ ਲਈ ਅਤੇ ਉਹਨਾਂ ਦੀ ਅਗਵਾਈ ਹੇਠ ਅਤਿਅੰਤ ਬਹਾਦੁਰੀ ਨਾਲ ਦੁਸ਼ਮਣਾ ਵਿਰੁਧ ਜੰਗ ਲੜਦੇ ਰਹੇ ਇੱਥੋਂ ਤੱਕ ਕਿ ਦੁਸ਼ਮਣ ਦੀ ਹਾਰ ਹੋਈ । ਜੱਦ ਸਫ਼ਲਤਾ ਦੇ ਬਾਦ ਮਦੀਨੇ ਵਾਪਸ ਆਏ ਤਾਂ ਆਪ ਸਲਲੱਾਹੁ ਅਲੈਹਿ ਵਨਲਮ ਨੇ ਹਜ਼ਰਤ ਅਬੂ ਉਬੈਦਹ ਬਿਨ ਜਿਰਾਹ ਰਜ਼ੀ ਅਲੱਾਹ ਅਨਹੁ ਦੀ ਆਗਿਆਕਾਰੀ ਦੀ ਵਿਵਸਥਾ ਸੁਣੀ ਤਾਂ ਫ਼ਰਮਾਇਆ (رَحِمَ اللهُ اَبَا عُبَيْدَةَ) ਰਹਿਮਲੱਾਹੁ ਅਬਾ ਅਬੈਦਹ ਕਿ ਅਬੂ ਉਬੈਦਹ'ਤੇ ਰੱਬ ਦੀ ਰਹਿਮਤ ਹੋਵੇ ਕਿ ਉਸ ਨੇ ਇਹ ਆਗਿਅਕਾਰੀ ਦਾ ਮਿਆਰ ਕਾਇਮ ਕੀਤਾ ।

ਹਜ਼ਰਤ ਸਯੱਦ ਜ਼ੈਨੁਲ ਆਬਿਦੀਨ ਵਲੀ ਉਲੱਾਹ ਸ਼ਾਹ ਸਾਹਬ ਸਰਯਾ ਸੈਫ਼ੁਲ ਬਹਰ ਬਾਰੇ ਲਿਖੱਦੇ ਹਨ ਕਿ ਹਜ਼ਰਤ ਅਬੂ ਉਬੈਦਹ ਰਜ਼ੀ  ਅਲੱਾਹ ਐਨਹੁ ਇਸ ਦੇ ਅਮੀਰ (ਆਗੂ) ਸਨ । ਇਬਨੇ ਸਅਦ ਦੇ ਸਰਯਾਤੁਲ ਖ਼ਬਤ ਦੇ ਸਿਰਲੇਖ ਨਾਲ ਇਸਦਾ ਸੰਖੇਪ ਜਿਹਾ ਵਰਨਣ ਕੀਤਾ ਹੈ । 'ਖ਼ਬਤ' ਦੇ ਅਰਥ ਹਨ ਰੁੱਖ ਦੇ ਪੱਤੇ । ਮਾਰਗ ਦਾ ਰਾਸ਼ਨ ਖ਼ਤਮ ਹੋਣ ਕਰਕੇ ਮੁਜਾਹਿਦਾਂ ਨੂੰ ਪੱਤੇ ਖਾਣੇ ਪਏ ਸਨ । ਇਬਨੇ ਸਅਦ ਨੇ ਇਸ ਘਟਨਾ ਦੀ ਮਿਤੀ ਰਜਬ ਅੱਠ ਹਿਜਰੀ ਦੱਸੀ ਹੈ ਅਤੇ ਇਹ ਜ਼ਮਾਨਾ ਸੁਲਾਹ ਹੁਦੈਬੀਆ (ਹੁਦੈਬੀਆ ਦੀ ਸੰਧੀ) ਦਾ ਸੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਦੂਰ ਦਰਸ਼ੀ ਤੋਂ ਕੰਮ ਲਿਆ ਅਤੇ ਉਪਰੋਕਤ ਸਾਵਧਾਨੀ ਵੱਜੋਂ ਸੁਰੱਖਿਆ ਬੱਲ ਸੈਫ਼ੁਲ ਬਹਰ ਵਿੱਚ ਭਿਜਵਾਇਆ ਗਿਆ ਸੀ ਤਾਂ ਜੋ ਸ਼ਾਮ ਤੋਂ ਆਉਣ ਵਾਲੇ ਕੁਰੈਸ਼ੀ ਜੱਥੇ ਨਾਲ ਕੋਈ ਛੇੜ ਛਾੜ ਨ ਹੋਵੇ ਅਤੇ ਕੁਰੈਸ਼ ਦੇ ਹੱਥ ਸੰਧੀ ਦੇ ਨੁਕਸ ਦਾ ਕੋਈ  ਬਹਾਨਾ ਨ ਲੱਗ ਜਾਏ ।

ਹਜ਼ਰਤ ਅਬੂ ਹੁਰੈਰਾ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਮੱਕੇ ਦੀ ਫ਼ਤਹ ਦੇ ਦਿਨ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਆਏ ਇੱਥੋਂ ਤੱਕ ਕਿ ਮੱਕੇ ਵਿੱਚ ਦਾਖ਼ਲ ਹੋ ਗਏ । ਹਜ਼ਰਤ ਜ਼ੁਬੈਰ ਰਜ਼ੀ ਅਲੱਾਹ ਅਨਹੁ ਨੂੰ ਲਸ਼ਕਰ ਦੇ ਇਕ ਪਾਸੇ ਅਤੇ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ੀ ਅਲੱਹ ਅਨਹੁ ਨੂੰ ਦੂਜੇ ਪਾਸੇ ਨਿਯੁਕਤ ਕੀਤਾ ਅਤੇ ਹਜ਼ਰਤ ਅਬੂ ਉਬੈਦਹ ਨੂੰ ਪੈਦਲ ਲੋਕਾਂ ਅਤੇ ਢਲਵੀਂ ਵਾਦੀ ਦਾ ਸਰਦਾਰ ਬਣਾਇਆ । ਹਜ਼ਰਤ ਅਬੂ ਹੁਰੈਰਾ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਬਹਿਰੀਨ ਵਾਲਿਆਂ ਨਾਲ ਜਜ਼ੀਏ ਦੀ ਸ਼ਰਤ'ਤੇ ਸੰਧੀ ਕੀਤੀ ਸੀ । ਜੱਦ ਹਜ਼ਰਤ ਅਬੂ ਉਬੈਦਹ ਜਜ਼ੀਆ ਲੈਕੇ ਵਾਪਸ ਪਰਤੇ ਤਾਂ ਆਪ ਸਲਲੱਾਹੁ ਅਲੈਹਿ ਵਸਲਮ ਨੇ ਲੋਕਾਂ ਨੂੰ ਫ਼ਰਮਾਇਆ, ਸੋ, ਖ਼ੁਸ਼ ਹੋ ਜਾਓ ਅਤੇ ਇਹ ਆਸ ਰੱਖੋ ਜੋ ਤੁਹਾਡੇ ਲਈ ਬਿਹਤਰ ਹੈ । ਮੈਂ ਤੁਹਾਡੇ ਬਾਰੇ ਮੁਥਾਜੀ ਤੋਂ ਨਹੀਂ ਡਰਦਾ ਸਗੋਂ ਮੈਂ ਇਸ ਗੱਲ ਤੋਂ ਡਰਦਾ ਹਾਂ ਕਿ ਦੁਨੀਆ ਤੁਹਾਡੇ'ਤੇ ਖੋਲ ਦਿੱਤੀ ਜਾਵੇ ਅਤੇ ਫਿਰ ਤੁਸੀਂ ਵਧ ਚੜ੍ਹ ਕੇ ਲਾਲਚ ਕਰਨ ਲੱਗ ਜਾਓ । ਮੈਂਨੂੰ ਡਰ ਇਹ ਹੈ ਕਿ ਦੁਨੀਆਦਾਰੀ ਵਿੱਚ ਪੈਕੇ ਤੁਸੀਂ ਕਿਤੇ ਆਪਣੇ ਆਪ ਨੂੰ ਹਲਾਕ ਨ ਕਰ ਲਓ। ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਹ ਤਾੜਨਾ ਹੈ ਜੋ ਹਰ ਇਕ ਨੂੰ ਆਪਣੇ ਸਾਹਮਣੇ ਰਖੱਣੀ ਚਾਹੀਦੀ ਹੈ ਅਤੇ ਆਪਣੀਆਂ ਹਾਲਤਾਂ ਦਾ ਹਮੇਸ਼ਾ ਪੜਤਾਲ ਕਰਦੇ ਰਹਿਣਾ ਚਾਹੀਦਾ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਭਵਿੱਖਬਾਣੀ ਅਨੁਸਾਰ ਮਾਲ ਤਾਂ ਆਉਣਗੇ ਪਰ ਸਾਨੂ ਇਸ ਮਾਲ ਦੇ ਸਬਬ ਅਪਣੇ ਦੀਨ (ਧਰਮ) ਨੂੰ ਨਹੀਂ ਭੁੱਲ ਜਾਣਾ ਚਾਹੀਦਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਦੀ ਦ੍ਰਿਸ਼ਟੀ ਵਿੱਚ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਦਾ ਇਹ ਸਥਾਨ ਸੀ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਦੇਹਾਂਤ ਬਾਦ ਆਪਨੇ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਦਾ ਨਾਂ ਖ਼ਿਲਾਫ਼ਤ ਲਈ ਸੁਝਾਉ ਕੀਤਾ । ਇਸੇ ਪ੍ਰਕਾਰ ਹਜ਼ਰਤ ਉਮਰ ਰਜ਼ੀ ਅਲੱਹ ਅਨਹੁ ਨੇ ਵੀ ਆਪਣੇ ਦੇਹਾਂਤ ਤੋਂ ਪਹਿਲਾਂ ਫ਼ਰਮਾਇਆ ਕਿ ਜੇਕਰ ਅਬੂ ਉਬੈਦਹ ਜੀਉਂਦੇ ਹੁੰਦੇ ਤਾਂ ਮੈਂ ਉਹਨਾ ਨੂੰ ਅਗਲੇ ਖ਼ਲੀਫ਼ਾ ਲਈ ਨਾਂਮਾਕਣ ਕਰਦਾ ਕਿਉਂਕਿ ਉਹ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਉਮੱਤ ਦੇ ਅਮੀਨ ਸਨ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਜੱਦ ਖ਼ਿਲਾਫ਼ਤ ਦੀ ਗੱਦੀ ਉਪੱਰ ਬਿਰਾਜਮਾਨ ਹੋਏ ਤਾਂ ਉਹਨਾ ਨੇ ਬੈਤੁਲ ਮਾਲ ਦਾ ਕੰਮ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਦੇ ਜ਼ਿੰਮੇ ਲਾਇਆ । 13 ਹਿਜਰੀ ਵਿੱਚ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਨੇ ਆਪ ਨੂੰ ਸ਼ਾਮ ਵੱਲ ਲਸ਼ਕਰ ਦਾ ਅਮੀਰ ਬਣਾਕੇ ਭੇਜਿਆ । ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਨੇ ਸਭ ਤੋਂ ਪਹਿਲਾਂ ਸ਼ਾਮ ਦੇ ਸ਼ਹਿਰ ਮਾਬ ਨੂੰ ਫ਼ਤਹ ਕੀਤਾ । ਇਸ ਦੇ ਬਾਦ ਆਪ ਨੇ ਜਾਬਿਆ ਵੱਲ ਧਿਆਨ ਦਿਤੱਾ ਜਿੱਥੇ ਰੋਮੀਓ ਦਾ ਵਡੱਾ ਲਸ਼ਕਰ ਮੁਕਾਬਲੇ ਲਈ ਤਿਆਰ ਸੀ । ਇਸ'ਤੇ

ਹਜ਼ਰਤ ਅਬੂ ਉਬੈਦਹ ਨੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਦੀ ਸੇਵਾ ਵਿੱਚ ਹੋਰ ਮਦਦ ਲਈ ਬਿਨਤੀ ਕੀਤੀ । ਹਜ਼ਰਤ ਅਬੂ ਬਕਰ ਰਜ਼ੀ ਅਲੱਹ ਅਨਹੁ ਨੇ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ੀ ਅਲੱਾਹ ਅਨਹੁ ਨੂੰ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਦੇ ਲਸ਼ਕਰ ਦਾ ਅਮੀਰ ਬਣਾਕੇ ਉਹਨਾ ਦੀ ਮਦਦ ਲਈ ਭੇਜਿਆ । ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ੀ ਅਲੱਾਹ ਅਨਹੁ ਨੇ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹਅਨਹੁ ਨੂੰ ਪਤੱਰ ਲਿੱਖਿਆ ਕਿ ਰੱਬ ਦੀ ਸਹੁੰ ਮੈਂ ਇਸ ਅਮਾਰਤ (ਅਗਵਾਈ) ਦੀ ਕਦੇ ਵੀ ਮੰਗ ਨਹੀਂ ਕੀਤੀ ਅਤੇ ਨ ਹੀ ਮੇਰੀ ਇਛੱਾ ਸੀ । ਆਪ ਦਾ ਉਹੋ ਸਥਾਨ ਹੋਵੇਗਾ ਜੋ ਪਹਿਲਾਂ ਹੈ । ਆਪ ਮੁਸਲਮਾਨਾ ਦੇ ਸਰਦਾਰ ਹਨ ਅਸੀਂ ਆਪਦੀ ਵੱਡਿਆਈ ਦਾ ਇਨਕਾਰ ਨਹੀਂ ਕਰਦੇ ਅਤੇ ਨ ਆਪ ਦੇ ਮਸ਼ਵਰਿਆਂ ਤੋਂ ਅੱਡ ਹੋ ਸਕਦੇ ਹਾਂ । ਹਜ਼ੂਰ ਅਨਵਰ ਨੇ ਫ਼ਰਮਾਇਆ । ਇਹ ਦੇਖੋ ਇਹ ਹੈ ਮੋਮਨਾ ਜਿਹੀ ਸ਼ਾਨ । ਦੋਹਾਂ ਵੱਲੋਂ ਕਿਵੇਂ ਵਿਨਮ੍ਰਤਾ ਤੇ ਆਗਿਆਕਾਰੀ ਦਾ ਪ੍ਰਕਟਨ ਕੀਤਾ ਗਿਆ ਹੈ । ਇਸ ਦੇ ਬਾਦ ਇਸਲਾਮੀ ਲਸ਼ਕਰ ਨੇ ਸ਼ਾਮ ਦੇ ਵੱਖ ਵੱਖ ਸ਼ਹਿਰਾਂ ਅਜਨਾਦੀਨ, ਫ਼ਹਲ, ਦਮਿਸ਼ਕ, ਲਾਜ਼ਕੀਆ ਆਦਿ ਸਥਾਨਾਂ ਨੂੰ ਫ਼ਤਹ ਕੀਤਾ । ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਨੇ ਖ਼ਿਲਾਫ਼ਤ ਉਪੱਰ ਨਿਯੁਕਤ ਹੋਣ ਦੇ ਬਾਦ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ੀ ਅਲੱਾਹ ਅਨਹੁ ਨੂੰ ਸਿਪਾਸਾਲਾਰ ਤੋਂ ਮਾਜ਼ੂਲ ਕਰਕੇ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਨੂੰ ਸਿਪਾਸਾਲਾਰ ਨਿਯੁਕਤ ਕੀਤਾ । ਹਜ਼ੂਰ ਅਨਵਰ ਨੇ ਫ਼ਰਮਾਇਆ : ਬਾਕੀ ਇਨਸ਼ਾਅਲੱਾਹ ਭਵਿੱਖ ਵਿੱਚ ਜ਼ਿਕਰ ਚੱਲੇਗਾ ।

ਜੁਮਏ ਦੇ ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ : ਪਾਕਿਸਤਾਨ ਨੇ ਅਹਮਦੀਆਂ ਲਈ ਅੱਜਕੱਲ ਬਹੁਤ ਦੁਆਵਾਂ ਕਰੋ । ਅਲੱਾਹ ਤਆਲਾ ਉਹਨਾਂ ਨੂੰ ਮੌਲਵੀਆਂ ਅਤੇ ਸਰਕਾਰ ਦੇ ਅਹਿਲਕਾਰਾਂ ਦੇ ਖ਼ਤਰਿਆਂ ਨੂੰ ਸੁਰੱਖਿਅਤ ਰੱਖੇ। ਉੱਥੇ ਫ਼ਿਰ ਵਿਰੋਧਤਾ ਦੀ ਕਰੜੀ ਲਹਿਰ ਆਈ ਹੋਈ ਹੈ । ਕਾਨੂਨ ਦੇ ਰੱਖਿਅਕ ਨ ਕੇਵਲ ਇਹ ਕਿ ਨਿਆਏ ਨੂੰ ਨਹੀਂ ਜਾਣਦੇ ਸਗੋਂ ਇਸ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਅਤੇ ਜੋ ਮੌਲਵੀ ਕਹਿੰਦਾ ਹੈ ਉਸ ਦੇ ਪਿੱਛੇ ਚਲ ਰਹੇ ਹਨ ਕਿ ਰਾਜਨੀਤਿਕ ਸਿਥਰਤਾ ਸੰਭਵਤਾ ਉਹਨਾ ਨੂੰ ਇਸੇ ਪ੍ਰਕਾਰ ਮਿਲ ਜਾਏ ਪਰ ਇਹ ਉਹਨਾ ਦੀ ਭੁੱਲ ਹੈ ਇਹ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਇਹੋ ਚੀਜ਼ ਉਹਨਾ ਦੀ ਤਬਾਹੀ ਦਾ ਸਾਧਨ ਬਣੇਗੀ । ਅਸੀਂ ਤਾਂ ਪਹਿਲਾਂ ਵੀ ਇਹਨਾ ਕਸ਼ਟਾਂ ਵਿੱਚੋਂ ਲੰਘ ਰਹੇ ਹਾਂ ਹੁਣ ਵੀ ਇਨਸ਼ਾ ਅਲੱਾਹ ਰੱਬ ਦੀ ਮਦਦ ਨਾਲ ਲੰਘ ਜਾਵਾਂਗੇ ਪਰ ਇਹਨਾ ਦੀਆਂ ਹਰਕਤਾਂ ਜੇਕਰ ਇਹ ਨ ਮੁੜੇ ਤਾਂ ਇਹਨਾ ਦੀ ਤਬਾਹੀ ਨਿਸਚਿਤ ਹੈ । ਸੋ, ਅਹਮਦੀ ਅੱਜਕੱਲ ਬਹੁਤ ਦੁਆਵਾਂ ਕਰਨ ਕਿ ਅਲੱਾਹ ਤਆਲਾ ਇਹ ਔਕੁੜਾਂ ਦੂਰ ਕਰੇ। ਰੱਬ ਨਾਲ ਆਪਣੇ ਸੰਬੰਧ ਵਧਾਉਣ ਵਿਸ਼ੇਸ਼ ਕਰਕੇ ਪਾਕਿਸਤਤਾਨ ਵਿੱਚ ਰਹਿਣ ਵਾਲੇ ਅਹਮਦੀ ਅਤੇ ਬਾਹਰ ਰਹਿਣ ਵਾਲੇ ਅਹਮਦੀ ਵੀ ਤਾਂ ਜੋ ਅਲੱਾਹ ਤਆਲਾ ਦੀ ਮਦਦ ਤੇ ਤਾਈਦ ਛੇਤੀ ਆ ਜਾਏ ਅਤੇ ਇਹਨਾ ਔਕੁੜਾਂ ਤੋਂ ਓਥੇ ਦੇ ਰਹਿਣ ਵਾਲੇ ਅਹਮਦੀ ਛੁਟਕਾਰਾ ਪਾ ਸਕਣ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ، عِبَادَ اللّٰہِ رحمکم اللہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 02.10.2020**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131